3 Jan_Pg_3_3st.qxd 03-Jan-22 8:41 PM Page 1



# ਪਾਕਿ 'ਚ 2 ਹਿੰਦੂ ਕਾਰੋਬਾਰੀਆਂ ਦੀ ਹੱਤਿਆ

ਅੰਮ੍ਰਿਤਸਰ, 3 ਜਨਵਰੀ (ਸੁਰਿੰਦਰ ਕੋਛੜ)-ਪਾਕਿਸਤਾਨ ਦੇ ਸੂਬਾ ਸਿੰਧ ਵਿਖੇ ਵੱਖ-ਵੱਖ ਵਾਰਦਾਤਾਂ 'ਚ 2 ਹਿੰਦੂ ਕਾਰੋਬਾਰੀਆਂ ਦੀ ਹੱਤਿਆ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਕਰਾਚੀ ਸ਼ਹਿਰ ਦੀ ਹਿੰਦੂ ਰਾਠੌਰ ਪੰਚਾਇਤ ਦੇ ਆਗੂ ਸੁਨੀਲ ਕੁਮਾਰ ਡੇਮਬਾਨੀ ਦੇ ਪੁੱਤਰ ਰਮੇਸ਼ ਡੇਮਬਾਨੀ ਦੀ ਚਾਕੂ ਮਾਰ ਕੇ ਹੱਤਿਆ ਉਸ ਵੇਲੇ ਕੀਤੀ ਗਈ, ਜਦੋਂ ਉਹ ਆਪਣੀ ਦੁਕਾਨ ਤੋਂ ਥੋੜੀ ਦੂਰੀ 'ਤੇ ਹੱਬ ਚੌਕ ਸਥਿਤ ਬੈਂਕ 'ਚ ਪੈਸੇ ਜਮ੍ਹਾਂ ਕਰਵਾਉਣ ਜਾ ਰਿਹਾ ਸੀ। ਉੱਧਰ, ਇਕ ਹੋਰ ਮਾਮਲੇ 'ਚ ਸੂਬਾ ਸਿੰਧ ਦੇ ਜ਼ਿਲ੍ਹਾ ਖ਼ੈਰਪੁਰ ਮੀਰਾਂ ਦੇ ਕਸਬਾ ਪੀਰ ਭੱਟ 'ਚ ਪੰਜ ਬੱਚਿਆਂ ਦੇ ਪਿਤਾ ਹਿੰਦੂ ਕਾਰੋਬਾਰੀ ਗਗਨ ਦਾਸ (40 ਸਾਲ) ਦੀ ਅਣਪਛਾਤੇ ਲੋਕਾਂ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਕਤ ਦੋਵਾਂ ਮਾਮਲਿਆਂ 'ਚ ਸ਼ਾਮਿਲ ਕਿਸੇ ਵੀ ਦੋਸ਼ੀ ਨੂੰ ਅਜੇ ਤੱਕ ਪੁਲਿਸ ਨੇ ਹਿਰਾਸਤ 'ਚ ਨਹੀਂ ਲਿਆ ਹੈ।




ਰਮੇਸ਼ ਡੇਮਬਾਨੀ ਅਤੇ ਗਗਨ ਦਾਸ



ਵਾਰਿਸ ਟੈਸਟ ਟਿਊਬ ਬੇਬੀ ਸੈਂਟਰ ਵਿਖੇ ਟੈਸਟ ਟਿਊਬ ਵਿਧੀ ਰਾਹੀਂ ਸੰਤਾਨ ਦਾ ਸੁੱਖ ਪ੍ਰਾਪਤ ਕਰਨ ਵਾਲੇ ਜੋੜੇ ਡਾ. ਵਿਨੀਸ਼ ਗੁਪਤਾ ਤੇ ਸਟਾਫ਼ ਨਾਲ। ਅਜੀਤ ਤਸਵੀਰ

# ਵਾਰਿਸ ਟੈਸਟ ਟਿਊਬ ਬੇਬੀ ਸੈਂਟਰ ਬੇਔਲਾਦ ਜੋੜਿਆਂ ਲਈ ਵਰਦਾਨ-ਡਾ. ਵਿਨੀਸ਼ ਗੁਪਤਾ

**ਕਿਹਾ, 31 ਤੱਕ ਲੱਗੇਗਾ ਮੁਫ਼ਤ ਜਾਂਚ ਕੈਂਪ**

ਮੋਗਾ, 3 ਜਨਵਰੀ (ਸੁਰਿੰਦਰਪਾਲ ਸਿੰਘ)-ਮੋਗਾ ਫ਼ਿਰੋਜ਼ਪੁਰ ਰੋਡ 'ਤੇ ਸਥਿਤ ਰਾਜੀਵ ਹਸਪਤਾਲ 'ਚ ਸਥਾਪਿਤ ਵਾਰਿਸ ਟੈਸਟ ਟਿਊਬ ਬੇਬੀ ਸੈਂਟਰ ਬੇਔਲਾਦ ਜੋੜਿਆਂ ਦੇ ਸੁਪਨਿਆਂ ਨੂੰ ਜਿੱਥੇ ਪੂਰਾ ਕਰਦਾ ਹੈ ਉੱਥੇ ਹੀ ਉਨ੍ਹਾਂ ਲਈ ਵਰਦਾਨ ਵੀ ਸਾਬਤ ਹੋ ਰਿਹਾ ਹੈ। ਟੈਸਟ ਟਿਊਬ ਦੀ ਵਿਧੀ ਨਾਲ ਬੀਤੇ ਸਮੇਂ ਦੌਰਾਨ ਇਸ ਸੈਂਟਰ 'ਚੋਂ ਸੈਂਕੜੇ ਹੀ ਬੇਔਲਾਦ ਜੋੜੇ ਔਲਾਦ ਦਾ ਸੁੱਖ ਪ੍ਰਾਪਤ ਕਰ ਚੁੱਕੇ ਹਨ। ਇਸੇ ਕੜੀ ਤਹਿਤ ਰਾਜਵੰਤ ਕੌਰ ਪਤਨੀ ਜਗਦੇਵ ਸਿੰਘ ਪਿੰਡ ਜੌੜੇ ਜ਼ਿਲ੍ਹਾ ਅੰਮ੍ਰਿਤਸਰ ਜੋ ਕਿ 21 ਸਾਲ ਤੋਂ ਬੱਚੇ ਲਈ ਤਰਸ ਰਹੇ ਸਨ, ਦਾ ਆਖ਼ਰ ਵਾਰਿਸ ਟੈਸਟ ਟਿਊਬ ਬੇਬੀ ਸੈਂਟਰ ਵਿਚੋਂ ਇਲਾਜ ਤੋਂ ਬਾਅਦ ਮਾਂ ਬਣਨ ਦਾ ਸੁਪਨਾ ਸਾਕਾਰ ਹੋਇਆ। ਇਸੇ ਤਰ੍ਹਾਂ ਮਨਪ੍ਰੀਤ ਕੌਰ ਪਤਨੀ ਕੁਲਦੀਪ ਸਿੰਘ ਦੇ ਬਹੁਤ ਵੱਡੀਆਂ ਰਸੌਲ਼ੀਆਂ ਸਨ। ਉਨ੍ਹਾਂ ਦੇ ਵੀ 19 ਸਾਲਾਂ ਬਾਅਦ ਵਾਰਿਸ ਟੈਸਟ ਟਿਊਬ ਬੇਬੀ ਰਾਹੀਂ ਸੰਤਾਨ ਸੁੱਖ ਪ੍ਰਾਪਤ ਕੀਤਾ ਤੇ ਉਹ ਬਹੁਤ ਖ਼ੁਸ਼ ਨਜ਼ਰ ਆ ਰਹੇ ਸਨ। 'ਅਜੀਤ' ਨਾਲ ਗੱਲਬਾਤ ਕਰਦਿਆਂ ਡਾ. ਵਿਨੀਸ਼ ਗੁਪਤਾ ਨੇ ਦੱਸਿਆ ਕਿ ਇਸ ਵਿਧੀ ਨਾਲ ਹਰ ਤਰ੍ਹਾਂ ਦੇ ਬਾਂਝਪਣ ਦਾ ਇਲਾਜ ਬਹੁਤ ਹੀ ਸਫਲਤਾ ਪੂਰਵਕ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਮਰੀਜ਼ਾਂ ਦੇ ਰਸੌਲ਼ੀਆਂ ਜਾਂ ਫਿਰ ਅੰਡਾ ਨਹੀਂ ਬਣਦਾ ਜਾਂ ਸ਼ੁਕਰਾਣੂ ਘੱਟ ਹਨ, ਉਹ ਉਨ੍ਹਾਂ ਦਾ ਸਫਲਤਾ ਪੂਰਵਕ ਇਲਾਜ ਆਈ.ਸੀ.ਐਸ.ਆਈ. ਵਿਧੀ ਰਾਹੀਂ ਕੀਤਾ ਜਾਂਦਾ ਹੈ। ਰਾਜੀਵ ਹਸਪਤਾਲ ਮੋਗਾ ਵਿਖੇ 14 ਸਾਲ ਪੂਰੇ ਹੋਣ ਦੀ ਖ਼ੁਸ਼ੀ ਵਿਚ 1 ਜਨਵਰੀ ਤੋਂ 31 ਜਨਵਰੀ ਤੱਕ ਮੁਫ਼ਤ ਜਾਂਚ ਕੈਂਪ ਚੱਲ ਰਿਹਾ ਹੈ ਜਿਸ ਵਿਚ ਮਰੀਜ਼ਾਂ ਦੇ ਟੈਸਟ ਬਹੁਤ ਹੀ ਘੱਟ ਰੇਟਾਂ ਵਿਚ ਕੀਤੇ ਜਾਣਗੇ।



ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੂੰ ਮੰਗ ਪੱਤਰ ਸੌਂਪਦੇ ਹੋਏ ਆਲ ਪੰਜਾਬ ਟਰੱਕ ਏਕਤਾ ਦੇ ਅਹੁਦੇਦਾਰ। ਤਸਵੀਰ : ਵਰਿੰਦਰਜੀਤ ਸਿੰਘ

# ਟਰੱਕ ਆਪ੍ਰੇਟਰਾਂ ਦੇ ਮਸਲੇ ਹੱਲ ਕਰਨ ਲਈ ਕੇਂਦਰੀ ਟਰਾਂਸਪੋਰਟ ਮੰਤਰੀ ਨਾਲ ਮੁਲਾਕਾਤ ਕਰਾਂਗੇ-ਢੀਂਡਸਾ

ਐੱਸ. ਏ. ਐੱਸ. ਨਗਰ, 3 ਜਨਵਰੀ (ਕੇ. ਐੱਸ. ਰਾਣਾ)-ਬੀਤੇ ਇਕ ਮਹੀਨੇ ਤੋਂ ਏਅਰਪੋਰਟ ਰੋਡ 'ਤੇ ਟਰੱਕ ਯੂਨੀਅਨਾਂ ਨੂੰ ਬਹਾਲ ਕਰਵਾਉਣ ਦੀ ਮੰਗ ਨੂੰ ਲੈ ਕੇ ਆਲ ਪੰਜਾਬ ਟਰੱਕ ਏਕਤਾ ਦੇ ਬੈਨਰ ਹੇਠ ਪੱਕਾ ਧਰਨਾ ਲਗਾ ਕੇ ਬੈਠੇ ਟਰੱਕ ਆਪ੍ਰੇਟਰਾਂ ਨੂੰ ਸਮਰਥਨ ਦੇਣ ਲਈ ਅੱਜ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਧਰਨਾ ਸਥਾਨ 'ਤੇ ਪਹੁੰਚੇ। ਇਸ ਮੌਕੇ ਢੀਂਡਸਾ ਨੇ ਟਰੱਕ ਆਪ੍ਰੇਟਰਾਂ ਦੀਆਂ ਸਮੱਸਿਆਵਾਂ ਸੁਣਦਿਆਂ ਉਨ੍ਹਾਂ ਨੂੰ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ। ਇਸੇ ਦੌਰਾਨ ਸ: ਢੀਂਡਸਾ ਕਿਹਾ ਕਿ ਉਹ ਟਰੱਕ ਆਪ੍ਰੇਟਰਾਂ ਦੀਆਂ ਮੁਸ਼ਕਿਲਾਂ ਤੋਂ ਭਲੀ-ਭਾਂਤੀ ਜਾਣੂ ਹਨ ਅਤੇ ਵਿਸ਼ਵਾਸ ਦਿਵਾਉਂਦੇ ਹਨ ਕਿ ਟਰੱਕ ਯੂਨੀਅਨਾਂ ਨੂੰ ਬਹਾਲ ਕਰਵਾਉਣ ਅਤੇ ਟਰੱਕ ਆਪ੍ਰੇਟਰਾਂ ਦੇ ਬਾਕੀ ਮਸਲਿਆਂ ਦੇ ਹੱਲ ਲਈ ਕੇਂਦਰੀ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕਰਨਗੇ। ਇਸ ਮੌਕੇ ਆਲ ਪੰਜਾਬ ਟਰੱਕ ਏਕਤਾ ਦੇ ਅਹੁਦੇਦਾਰਾਂ ਵਲੋਂ ਸੁਖਦੇਵ ਸਿੰਘ ਢੀਂਡਸਾ ਨੂੰ ਮੰਗ ਪੱਤਰ ਵੀ ਸੌਂਪਿਆ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਜਰਨਲ ਸਕੱਤਰ ਹਰਸੁਖਇੰਦਰ ਸਿੰਘ ਬੱਬੀ ਬਾਦਲ, ਕੁਲਤਾਰਨ ਸਿੰਘ ਅਟਵਾਲ, ਪ੍ਰਧਾਨ ਟੋਨੀ, ਸੁਖਵਿੰਦਰ ਸਿੰਘ ਬਰਾੜ, ਅਜੈ ਸਿੰਗਲਾ, ਅਮਨ ਮੋੜ, ਰਜਿੰਦਰ ਸਿੰਘ ਈਸਾਪੁਰ, ਅਰਜਨ ਸਿੰਘ ਸ਼ੇਰਗਿੱਲ, ਮੇਜਰ ਸਿੰਘ, ਜਥੇ. ਨਰਿੰਦਰ ਸਿੰਘ, ਇਕਬਾਲ ਸਿੰਘ, ਸੁਰਿੰਦਰ ਸਿੰਘ, ਰਣਜੀਤ ਸਿੰਘ ਬਰਾੜ, ਜਗਤਾਰ ਸਿੰਘ ਘੜੂੰਆਂ, ਨਰਿੰਦਰ ਸਿੰਘ ਮੈਣੀ, ਕੰਵਲਜੀਤ ਸਿੰਘ ਪੱਤੋਂ, ਬਲਜੀਤ ਸਿੰਘ ਖੋਖਰ, ਗੁਰਸੇਵਕ ਸਿੰਘ, ਜਵਾਲਾ ਸਿੰਘ, ਤਰਲੋਕ ਸਿੰਘ, ਗੁਰਜੰਟ ਸਿੰਘ, ਪ੍ਰਦੀਪ ਕੁਮਾਰ, ਮਹਿੰਦਰ ਸਿੰਘ ਜਗਤਪੁਰਾ, ਹਨੀ ਰਾਣਾ, ਗੁਰਮੀਤ ਸਿੰਘ ਕਲੇਰ ਤੇ ਸੁਖਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।




ਮੁਬਾਰਕ ਮੰਜ਼ਿਲ ਮਹਿਲ ਵਿਖੇ ਬੇਗਮ ਮੁਨੱਵਰ ਓ-ਨਿਸਾ ਨਾਲ ਮੁਲਾਕਾਤ ਕਰਦੇ ਹੋਏ ਡਿਪਟੀ ਕਮਿਸ਼ਨਰ ਮਾਧਵੀ ਕਟਾਰੀਆ। (ਸੱਜੇ) ਮੁਬਾਰਕ ਮੰਜ਼ਿਲ ਮਹਿਲ ਦੀ ਵਿਸ਼ਾਲ ਇਮਾਰਤ। ਤਸਵੀਰਾਂ : ਕੁਠਾਲਾ

# 'ਮਰਨੇ ਸੇ ਪਹਿਲੇ ਮਹਿਲ ਕੋ ਪੁਰਾਣੀ ਸ਼ਾਨ ਮੇਂ ਵਾਪਸ ਪਰਤਾ ਦੇਖਨੇ ਕੀ ਆਖ਼ਰੀ ਇੱਛਾ'-ਬੇਗ਼ਮ ਮੁਨੱਵਰ-ਓਨ-ਨਿਸ਼ਾ


**ਡਿਪਟੀ ਕਮਿਸ਼ਨਰ ਮਾਧਵੀ ਕਟਾਰੀਆ ਨੇ ਕੀਤੀ ਮੁਲਾਕਾਤ**

**ਪਰਮਜੀਤ ਸਿੰਘ ਕੁਠਾਲਾ**

ਮਲੇਰਕੋਟਲਾ, 3 ਜਨਵਰੀ-ਮਲੇਰਕੋਟਲਾ ਰਿਆਸਤ ਦੇ ਆਖ਼ਰੀ ਨਵਾਬ ਮੁਹੰਮਦ ਇਫਤਿਖਾਰ ਅਲੀ ਖਾਨ ਦੀ 98 ਸਾਲਾ ਆਖ਼ਰੀ ਬੇਗਮ ਸਾਹਿਬਜ਼ਾਦੀ ਮੁਨੱਵਰ-ਓ-ਨਿਸ਼ਾ ਦੀ ਇਸ ਵੇਲੇ ਰਿਹਾਇਸ਼ਗਾਹ 150 ਸਾਲ ਪੁਰਾਣੇ ਮੁਬਾਰਕ ਮੰਜ਼ਿਲ ਮਹਿਲ ਵਿਖੇ ਬੇਗਮ ਨਾਲ ਨਵੇਂ ਸਾਲ ਦੀ ਪਹਿਲੀ ਮੁਲਾਕਾਤ ਕਰਨ ਪਹੁੰਚੇ ਡਿਪਟੀ ਕਮਿਸ਼ਨਰ ਮਲੇਰਕੋਟਲਾ ਸ੍ਰੀਮਤੀ ਮਾਧਵੀ ਕਟਾਰੀਆ ਨੂੰ ਬੇਗਮ ਸਾਹਿਬਾ ਨੇ ਆਪਣੀ ਆਖ਼ਰੀ ਇੱਛਾ ਪ੍ਰਗਟ ਕੀਤੀ ਕਿ 'ਮੈਂ ਇਹ ਮਹਿਲ ਪੰਜਾਬ ਸਰਕਾਰ ਨੂੰ ਸੌਂਪ ਦਿੱਤਾ ਹੈ! ਮੇਰੀ ਆਖ਼ਰੀ ਇੱਛਾ ਯਹੀ ਹੈ ਕਿ ਮੈਂ ਮਰਨੇ ਸੇ ਪਹਿਲੇ ਮਹਿਲ ਕੋ ਪੁਰਾਣੀ ਸ਼ਾਨ ਮੇਂ ਵਾਪਸ ਪਰਤਤਾ ਦੇਖ ਲੂੰ।' ਡਿਪਟੀ ਕਮਿਸ਼ਨਰ ਸ੍ਰੀਮਤੀ ਕਟਾਰੀਆ ਨੇ ਬਜ਼ੁਰਗ ਬੇਗਮ ਨੂੰ ਸਮੁੱਚੀ ਸਾਂਭ ਸੰਭਾਲ ਦਾ ਭਰੋਸਾ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਡਾਇਰੈਕਟਰ ਸਭਿਆਚਾਰ ਮਾਮਲੇ ਵਿਭਾਗ ਅਤੇ ਆਗਾ ਖ਼ਾਨ ਫਾਊਂਡੇਸ਼ਨ ਦੇ ਅਫ਼ਸਰਾਂ ਨਾਲ ਇਸ ਮਹਿਲ ਦੀ ਸਾਂਭ ਸੰਭਾਲ ਤੇ ਮੁਰੰਮਤ ਬਾਰੇ ਵਿਸਥਾਰਤ ਗੱਲਬਾਤ ਕੀਤੀ ਹੈ। ਪੰਜਾਬ ਸਰਕਾਰ ਵਲੋਂ ਮੁਬਾਰਕ ਮੰਜ਼ਿਲ ਮਹਿਲ ਦੇ ਪੁਨਰ ਨਿਰਮਾਣ ਅਤੇ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਅੰਤਰ ਰਾਸ਼ਟਰੀ ਪੱਧਰ 'ਤੇ ਪੁਰਾਤਨ ਅਤੇ ਇਤਿਹਾਸਕ ਸਮਾਰਕਾਂ, ਇਮਾਰਤਾਂ ਦੀ ਪੁਰਾਤਨ ਦਿੱਖ ਨੂੰ ਬਹਾਲ ਕਰਨ ਵਾਲੀ ਸੰਸਥਾ ਵਜੋਂ ਜਾਣੀ ਜਾਂਦੀ ਆਗਾ ਖਾਂ ਫਾਊਂਡੇਸ਼ਨ ਨੂੰ ਸੌਂਪੀ ਗਈ ਹੈ। ਮਹਿਲ ਦੀ ਵਿਸ਼ਾਲ ਇਮਾਰਤ ਦਾ ਜਾਇਜ਼ਾ ਲੈਣ ਉਪਰੰਤ ਡੀ.ਸੀ. ਸ੍ਰੀਮਤੀ ਕਟਾਰੀਆ ਨੇ ਦੱਸਿਆ ਕਿ ਮੁਬਾਰਕ ਮੰਜ਼ਿਲ ਮਹਿਲ ਨੂੰ ਬੇਗ਼ਮ ਸਾਹਿਬਾ ਦੀ 'ਆਖ਼ਰੀ ਖ਼ਵਾਹਿਸ਼' ਦੇ ਮੱਦੇਨਜ਼ਰ ਪੰਜਾਬ ਸਰਕਾਰ ਵਲੋਂ ਆਪਣੀ ਮਲਕੀਅਤ ਵਿਚ ਲਿਆ ਜਾ ਚੁੱਕਿਆ ਹੈ। ਇਸ ਦੇ ਗ੍ਰਹਿਣ, ਸੰਭਾਲ ਅਤੇ ਵਰਤੋਂ ਲਈ ਮਨਜ਼ੂਰੀ ਪਹਿਲਾ ਹੀ ਦਿੱਤੀ ਜਾ ਚੁੱਕੀ ਹੈ ਅਤੇ ਸੰਭਾਲ ਦੇ ਕੰਮ ਨੂੰ ਅਮਲੀ ਜਾਮਾ ਪਹੁੰਚਾਉਣ ਲਈ ਸੈਰ ਸਪਾਟਾ, ਸਭਿਆਚਾਰ, ਪੁਰਾਤਤਵ, ਪੁਰਾਲੇਖ ਅਤੇ ਅਜਾਇਬ ਘਰ ਵਿਭਾਗ ਨਾਲ ਗੱਲ ਬਾਤ ਸ਼ੁਰੂ ਕੀਤੀ ਜਾ ਚੁੱਕੀ ਹੈ।

ਇਮਾਰਤਸਾਜ਼ੀ ਦਾ ਵਿਲੱਖਣ ਨਮੂਨਾ ਹੈ ਮੁਬਾਰਕ ਮੰਜ਼ਿਲ ਮਹਿਲ -ਮਲੇਰਕੋਟਲਾ ਰਿਆਸਤ ਦੇ ਇਤਿਹਾਸ ਬਾਰੇ ਜਾਣਕਾਰ ਵਿਦਵਾਨ ਸੇਖ ਇਫਤਖਾਰ ਹੁਸੈਨ ਮੁਤਾਬਿਕ ਮੁਬਾਰਕ ਮੰਜ਼ਿਲ ਮਹਿਲ ਨਵਾਬ ਇਬਰਾਹੀਮ ਦੇ ਬੇਟੇ ਨਵਾਬ ਅਹਿਮਦ ਅਲੀ ਖਾਨ ਵਲੋਂ ਅੰਗਰੇਜ਼ ਮਹਿਮਾਨਾਂ ਦੀ ਰਿਹਾਇਸ਼ੀ ਲੋੜ ਦੇ ਮੱਦੇ ਨਜ਼ਰ 1900 ਈਸਵੀ ਵਿਚ ਬਣਵਾਇਆ ਗਿਆ ਸੀ। ਸਾਲ 1890 ਵਿਚ ਸ਼ੁਰੂ ਹੋਈ ਇਸ ਮਹਿਲ ਦੀ ਉਸਾਰੀ ਦਸ ਵਰ੍ਹਿਆਂ ਵਿਚ ਮੁਕੰਮਲ ਹੋਈ। ਕਰੀਬ 39 ਵਰ੍ਹਿਆਂ ਤੱਕ ਮਲੇਰਕੋਟਲਾ ਰਿਆਸਤ ਦੇ ਨਵਾਬ ਰਹੇ ਨਵਾਬ ਅਹਿਮਦ ਅਲੀ ਖਾਨ ਵਲੋਂ ਉਸਾਰੇ ਇਸ ਮਹਿਲ ਦੀ ਉਸਾਰੀ ਵਿਚ ਵਰਤੀ ਗਈ ਲੱਕੜ ਦੀ ਕਲਾ ਸ਼ਾਨਦਾਰ ਵਿਕਟੋਰੀਆ ਸ਼ੈਲੀ ਦਾ ਨਮੂਨਾ ਹੈ ਅਤੇ ਮਹਿਲ ਦੇ 16 ਵਿਸ਼ਾਲ ਕਮਰਿਆਂ, ਰਸੋਈ ਅਤੇ ਗ਼ੁਸਲਖ਼ਾਨਿਆਂ ਦੀਆਂ ਟਾਈਲਾਂ ਵਿਦੇਸ਼ਾਂ ਤੋਂ ਮੰਗਵਾਈਆਂ ਗਈਆਂ ਸਨ।

# ਸ਼੍ਰੋਮਣੀ ਭਗਤ ਨਾਮਦੇਵ ਜੀ ਦਾ 672ਵਾਂ ਜੋਤੀ ਜੋਤ ਪੁਰਬ 15 ਨੂੰ



ਘੁਮਾਣ, 3 ਜਨਵਰੀ (ਬੰਮਰਾਹ)-ਸ਼੍ਰੋਮਣੀ ਭਗਤ ਨਾਮਦੇਵ ਜੀ ਦਾ ਜੋੜ ਮੇਲਾ ਅਤੇ 672ਵਾਂ ਜੋਤੀ ਜੋਤ ਪੁਰਬ ਘੁਮਾਣ ਦੀ ਧਰਤੀ 'ਤੇ ਬਹੁਤ ਹੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਕਮੇਟੀ ਦੇ ਪ੍ਰਧਾਨ ਤਰਸੇਮ ਸਿੰਘ ਬਾਵਾ, ਸਕੱਤਰ ਸੁਖਜਿੰਦਰ ਸਿੰਘ ਲਾਲੀ, ਮੀਤ ਸਕੱਤਰ ਮਨਜਿੰਦਰ ਸਿੰਘ ਬਿੱਟੂ, ਮੀਤ ਪ੍ਰਧਾਨ ਨਰਿੰਦਰ ਸਿੰਘ ਨੇ ਦੱਸਿਆ ਕਿ ਦੇਸ਼-ਵਿਦੇਸ਼ਾਂ ਤੋਂ 10 ਜਨਵਰੀ ਨੂੰ ਸੰਗਤਾਂ ਘੁਮਾਣ ਦੀ ਧਰਤੀ 'ਤੇ ਪੁੱਜ ਜਾਂਦੀਆਂ ਹਨ। 13 ਜਨਵਰੀ ਨੂੰ ਲੋਹੜੀ, 14 ਜਨਵਰੀ ਨੂੰ ਸੰਗਰਾਂਦ ਅਤੇ 15 ਜਨਵਰੀ ਨੂੰ ਸ਼੍ਰੋਮਣੀ ਭਗਤ ਨਾਮਦੇਵ ਜੀ ਦਾ ਜੋਤੀ ਜੋਤ ਪੁਰਬ ਮਨਾਇਆ ਜਾਵੇਗਾ। ਲੋਹੜੀ ਵਾਲੀ ਰਾਤ ਧਾਰਮਿਕ ਦਿਵਾਨ ਸਜਣਗੇ। ਗੁਰਦੁਆਰਾ ਤਪਿਆਣਾ ਸਾਹਿਬ ਦੇ ਪ੍ਰਧਾਨ ਕਸ਼ਮੀਰ ਸਿੰਘ ਨੇ ਦੱਸਿਆ ਕਿ 11 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 13 ਜਨਵਰੀ ਨੂੰ ਭੋਗ ਪੈਣਗੇ। 13 ਜਨਵਰੀ ਨੂੰ ਸਵੇਰੇ 10 ਵਜੇ ਵਿਸ਼ਾਲ ਨਗਰ ਕੀਰਤਨ ਆਰੰਭ ਹੋਣਗੇ। ਗੁਰਦੁਆਰਾ ਚਰਨ ਕਮਲ ਸਾਹਿਬ ਘੁਮਾਣ ਅਤੇ ਪਿੰਡ ਭੱਟੀਵਾਲ ਵਿਖੇ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਇਤਿਹਾਸਕ ਸਥਾਨਾਂ 'ਤੇ ਵੀ ਜੋਤੀ ਜੋਤ ਪੁਰਬ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।

# ਚਿਹਰੇ ਦੀ ਸੁੰਦਰਤਾ ਵਧਾਉਣ ਲਈ ਹੁਣ ਜਲੰਧਰ 'ਚ ਵੀ ਹੈ ਪੈਰਿਸ ਦੀਆਂ ਸੁੰਦਰਤਾ ਤਕਨੀਕਾਂ ਉਪਲਬਧ-ਡਾ. ਹਰਪ੍ਰੀਤ

ਜਲੰਧਰ, 3 ਜਨਵਰੀ (ਐਮ. ਐਸ. ਲੋਹੀਆ)-ਪੈਰਿਸ ਦੀ ਅਕੈਡਮੀ ਆਈ. ਐਮ. ਸੀ. ਏ. ਐਸ. ਦੇ ਮੈਂਬਰ ਤੇ ਅੰਤਰਰਾਸ਼ਟਰੀ ਸਲਾਹਕਾਰ (ਆਨਲਾਈਨ ਇੰਟਰਨੈਸ਼ਨਲ ਕੰਸਲਟੈਂਟ) ਡਾ. ਹਰਪ੍ਰੀਤ ਸਿੰਘ ਨੇ ਜਾਣਕਾਰੀ ਦਿੱਤੀ ਕਿ ਪੈਰਿਸ ਤੇ ਯੂਰਪ ਦੀਆਂ ਨਵੀਆਂ ਸੁੰਦਰਤਾ ਤਕਨੀਕਾਂ ਦੇ ਨਾਲ ਚਿਹਰੇ ਦੀ ਸੁੰਦਰਤਾ ਨੂੰ ਵਧਾਇਆ ਜਾ ਸਕਦਾ ਹੈ। ਹਰਪ੍ਰੀਤ ਫੇਸ਼ੀਅਲ ਆਸਥੈਟਿਕ ਸੈਂਟਰ ਨਿਊ ਜਵਾਹਰ ਨਗਰ, ਜਲੰਧਰ 'ਚ ਚੱਲ ਰਹੇ ਮੁਫ਼ਤ ਸੈਮੀਨਾਰ ਦੌਰਾਨ ਜਾਗਰੂਕ ਕਰਦੇ ਹੋਏ ਉਨ੍ਹਾਂ ਕਿਹਾ ਕਿ ਫੇਸ ਫਿੱਲਰ, ਬਾਟਕਸ, ਥਰੈਡ ਫੇਸਲਿਫ਼ਟ, ਲੇਜ਼ਰ ਨਾਲ ਅਣਚਾਹੇ ਵਾਲ ਹਟਾਉਣ ਤੇ ਬਿਨਾਂ ਆਪ੍ਰੇਸ਼ਨ ਪੇਟ, ਚਿਹਰੇ, ਲੱਤਾਂ, ਬਾਹਵਾਂ ਆਦਿ ਤੋਂ ਚਰਬੀ ਹਟਾ ਕੇ ਮਨਚਾਹੀ ਦਿਖ ਪ੍ਰਾਪਤ ਕਰਨ ਆਦਿ ਸਾਰੀਆਂ ਤਕਨੀਕਾਂ 'ਚ ਬਹੁਤ ਤਬਦੀਲੀ ਆਈ ਹੈ। ਇਨ੍ਹਾਂ ਵਿਧੀਆਂ ਨਾਲ ਲਟਕੇ ਹੋਏ ਚਿਹਰੇ ਨੂੰ ਚੁੱਕਣਾ, ਛੋਟੇ ਬੁਲ੍ਹਾਂ ਨੂੰ ਵੱਡਾ ਤੇ ਸੁੰਦਰ ਬਣਾਉਣਾ, ਨੱਕ ਤੇ ਠੋਡੀ ਨੂੰ ਸੋਹਣਾ ਤੇ ਤਿੱਖਾ ਬਣਾਕੇ ਮੋਟੇ ਚਿਹਰੇ ਨੂੰ ਪਤਲੀ ਦਿਖ ਦੇਣਾ, ਦੋਹਰੀ ਠੋਡੀ, ਗਰਦਨ ਤੇ ਚਿਹਰੇ ਦੀਆਂ ਝੁਰੜੀਆਂ ਨੂੰ ਖ਼ਤਮ ਕਰਨਾ, ਅੱਖਾਂ ਦੇ ਆਸ-ਪਾਸ ਕਾਲੇ ਘੇਰੇ ਤੇ ਖੱਡੇ ਦੂਰ ਕੀਤੇ ਜਾ ਸਕਦੇ ਹਨ। ਡਾ. ਹਰਪ੍ਰੀਤ ਨੇ ਕਿਹਾ ਕਿ ਚੁਣੇ ਹੋਏ ਚਾਹਵਾਨ ਵਿਅਕਤੀਆਂ ਦੇ ਚਿਹਰੇ ਦਾ ਉਨ੍ਹਾਂ ਦੇ ਕੇਂਦਰ 'ਚ ਇਨ੍ਹਾਂ ਆਧੁਨਿਕ ਤਕਨੀਕਾਂ ਨਾਲ ਰੂਪਾਂਤਰਨ ਕੀਤਾ ਜਾ ਰਿਹਾ ਹੈ।



ਡਾ. ਹਰਪ੍ਰੀਤ ਸਿੰਘ ਆਧੁਨਿਕ ਤਕਨੀਕਾਂ ਬਾਰੇ ਜਾਣਕਾਰੀ ਦਿੰਦੇ ਹੋਏ। ਤਸਵੀਰ : ਮੁਨੀਸ਼

# ਪੰਜਾਬ 'ਚ ਆਉਣ ਵਾਲੇ ਦਿਨਾਂ 'ਚ ਮੀਂਹ ਪੈਣ ਤੇ ਗੜ੍ਹੇਮਾਰੀ ਹੋਣ ਦੀ ਸੰਭਾਵਨਾ

ਲੁਧਿਆਣਾ, 3 ਜਨਵਰੀ (ਬਾਵਾ)-ਮੌਸਮ ਵਿਭਾਗ ਵਲੋਂ ਪੰਜਾਬ ਅੰਦਰ ਆਉਣ ਵਾਲੇ ਦਿਨਾਂ 'ਚ ਮੀਂਹ ਪੈਣ ਤੇ ਗੜ੍ਹੇਮਾਰੀ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮੌਸਮ ਵਿਭਾਗ ਦੇ ਵਿਗਿਆਨੀ ਡਾ: ਪ੍ਰਭਜੋਤ ਕੌਰ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਮੌਸਮ ਵਿਭਾਗ ਵਲੋਂ ਮਿਲੀ ਜਾਣਕਾਰੀ ਅਨੁਸਾਰ ਪੱਛਮੀ ਗੜਬੜ ਕਰਕੇ ਪੰਜਾਬ ਅੰਦਰ 4 ਤੋਂ 6 ਜਨਵਰੀ ਤੱਕ ਹਲਕੇ ਤੋਂ ਭਾਰੀ ਮੀਂਹ ਪੈਣ ਅਤੇ ਕਿਤੇ-ਕਿਤੇ ਗੜ੍ਹੇਮਾਰੀ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ। ਪੰਜਾਬ ਅੰਦਰ 4 ਤੋਂ 6 ਜਨਵਰੀ ਅਤੇ ਉਸ ਤੋਂ ਬਾਅਦ ਇਕ ਦਿਨ ਛੱਡ ਕੇ ਮੁੜ ਤੋਂ ਮੀਂਹ ਪਵੇਗਾ ਤੇ ਕਿਤੇ-ਕਿਤੇ ਗੜ੍ਹੇਮਾਰੀ ਹੋਣ ਦੇ ਨਾਲ-ਨਾਲ ਗਰਜ ਚਮਕ ਨਾਲ ਵੀ ਛਿੱਟੇ ਪੈਣਗੇ।


Poland (ਪੋਲੈਂਡ)
ਬਿਨ੍ਹਾਂ IELTS, ਬਿਨ੍ਹਾਂ ਕਿਸੇ ਕੰਮ ਦੇ ਤਜ਼ੁਰਬੇ ਤੋਂ work permit 'ਤੇ ਜਾਣ ਲਈ ਜਲਦੀ ਸੰਪਰਕ ਕਰੋ।
Ess Ess Overseas
B-1422/PUN/PART/100/5/9699/2000
4th floor, sohan singh complex, Shastri Nagar, Ludhiana.
M:78030-00081


# ਮੈਟ੍ਰਿਕ ਪੱਧਰੀ ਵਾਧੂ ਵਿਸ਼ਾ ਪੰਜਾਬੀ ਦੀ ਪ੍ਰੀਖਿਆ 27 ਤੋਂ

ਐੱਸ. ਏ. ਐੱਸ. ਨਗਰ, 3 ਜਨਵਰੀ (ਤਰਵਿੰਦਰ ਸਿੰਘ ਬੈਨੀਪਾਲ)-ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਅਕਾਦਮਿਕ ਸੈਸ਼ਨ 2021-22 ਦੀ ਚੌਥੀ ਤਿਮਾਹੀ 'ਚ ਮੈਟ੍ਰਿਕ ਪੱਧਰ ਦੇ ਪੰਜਾਬੀ ਵਾਧੂ ਵਿਸ਼ੇ ਦੀ ਪ੍ਰੀਖਿਆ ਲੈਣ ਲਈ ਵੇਰਵਾ ਜਾਰੀ ਕਰ ਦਿੱਤਾ ਗਿਆ ਹੈ। ਸਿੱਖਿਆ ਬੋਰਡ ਦੇ ਕੰਟਰੋਲਰ ਪ੍ਰੀਖਿਆਵਾਂ ਜੇ. ਆਰ. ਮਹਿਰੋਕ ਨੇ ਦੱਸਿਆ ਕਿ ਪੰਜਾਬੀ ਪੇਪਰ ਏ ਦੀ ਪ੍ਰੀਖਿਆ 27 ਜਨਵਰੀ ਅਤੇ ਪੰਜਾਬੀ ਪੇਪਰ ਬੀ ਦੀ ਪ੍ਰੀਖਿਆ 28 ਜਨਵਰੀ ਨੂੰ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਪ੍ਰੀਖਿਆ ਦੇਣ ਦੇ ਇੱਛੁਕ ਪ੍ਰੀਖਿਆਰਥੀਆਂ ਲਈ ਪ੍ਰੀਖਿਆ ਫਾਰਮ ਬੋਰਡ ਦੀ ਵੈੱਬਸਾਈਟ 'ਤੇ ਉਪਲਬਧ ਕਰਵਾ ਦਿੱਤੇ ਗਏ ਹਨ। ਹਰ ਪੱਖੋਂ ਮੁਕੰਮਲ ਪ੍ਰੀਖਿਆ ਫਾਰਮ 17 ਜਨਵਰੀ ਤੱਕ ਬੋਰਡ ਦੇ ਮੁੱਖ ਦਫ਼ਤਰ ਵਿਖੇ ਸਥਾਪਿਤ ਸਿੰਗਲ ਵਿੰਡੋ ਵਿਖੇ ਜਮਾਂ ਕਰਵਾਏ ਜਾ ਸਕਣਗੇ।

# ਪੰਜਾਬ ਸਿਰ 3 ਲੱਖ ਕਰੋੜ ਦਾ ਕਰਜ਼ਾ, ਪ੍ਰਤੀ ਵਿਅਕਤੀ ਇਕ ਲੱਖ ਰੁਪਏ ਕਰਜ਼ੇ ਦਾ ਬੋਝ-ਰਾਘਵ ਚੱਢਾ

ਚੰਡੀਗੜ੍ਹ, 3 ਜਨਵਰੀ (ਅਜੀਤ ਬਿਊਰੋ)-ਆਮ ਆਦਮੀ ਪਾਰਟੀ (ਆਪ) ਦੇ ਆਗੂ ਅਤੇ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਰਾਘਵ ਚੱਢਾ ਨੇ ਸੂਬੇ ਦੀ ਪਿਛਲੀ ਅਕਾਲੀ-ਭਾਜਪਾ ਅਤੇ ਮੌਜੂਦਾ ਕਾਂਗਰਸ ਸਰਕਾਰ 'ਤੇ ਪੰਜਾਬ ਨੂੰ ਕਰਜ਼ੇ 'ਚ ਡੋਬਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਬਾਦਲ ਸਰਕਾਰਾਂ ਨੇ ਪਿਛਲੇ 50 ਸਾਲਾਂ ਵਿਚ ਪੰਜਾਬ ਨੂੰ 3 ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਬੋਝ ਨਾਲ ਡੋਬ ਦਿੱਤਾ ਹੈ। ਅੱਜ 3 ਕਰੋੜ ਦੀ ਆਬਾਦੀ ਵਾਲੇ ਪੰਜਾਬ ਦੇ ਹਰ ਵਿਅਕਤੀ ਦੇ ਸਿਰ 'ਤੇ 1 ਲੱਖ ਰੁਪਏ ਕਰਜ਼ੇ ਦਾ ਬੋਝ ਹੈ। ਅੱਜ ਪੰਜਾਬ 'ਚ ਜਨਮ ਲੈਂਦੇ ਹੀ ਬੱਚੇ ਸਿਰ ਇਕ ਲੱਖ ਰੁਪਏ ਦਾ ਕਰਜ਼ਾ ਚੜ੍ਹ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਦੇ ਸਾਲਾਨਾ ਬਜਟ ਦਾ 20 ਫ਼ੀਸਦੀ ਸਿਰਫ਼ ਕਰਜ਼ੇ ਦੇ ਵਿਆਜ ਉਤਾਰਨ 'ਤੇ ਹੀ ਖ਼ਰਚ ਹੋ ਜਾਂਦਾ ਹੈ। ਰਾਘਵ ਚੱਢਾ ਨੇ ਪੰਜਾਬ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਦਾ ਸਾਥ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਸਮੇਂ ਪੰਜਾਬ ਨੂੰ ਮੁੜ ਤੋਂ ਖ਼ੁਸ਼ਹਾਲ ਬਣਾਉਣ ਲਈ ਆਓ ਰਲ ਕੇ ਇਸ ਵਾਰ ਕੇਜਰੀਵਾਲ ਦੀ ਸਰਕਾਰ ਬਣਾਈਏ ਅਤੇ ਇਕ ਖ਼ੁਸ਼ਹਾਲ ਪੰਜਾਬ ਬਣਾਈਏ।

# ਸੀਵਰੇਜ ਲਈ ਪੁੱਟੀ ਹੌਦੀ 'ਚ ਖੜ੍ਹੇ ਪਾਣੀ 'ਚ ਡੁੱਬਣ ਨਾਲ ਬੱਚੇ ਦੀ ਮੌਤ

ਵੇਰਕਾ, 3 ਜਨਵਰੀ (ਪਰਮਜੀਤ ਸਿੰਘ ਬੱਗਾ)-ਅੰਮ੍ਰਿਤਸਰ ਦੇ ਵਿਧਾਨ ਸਭਾ ਹਲਕਾ ਉਤਰੀ ਅਧੀਨ ਆਉਂਦੀ ਮਜੀਠਾ ਬਾਈਪਾਸ ਨੇੜਲੀ ਗ੍ਰਾਮ ਪੰਚਾਇਤ ਰਾਮ ਨਗਰ ਵਿਖੇ ਸੀਵਰੇਜ਼ ਦਾ ਕੰਮ ਕਰਵਾ ਰਹੇ ਠੇਕੇਦਾਰ ਦੀ ਲਾਪ੍ਰਵਾਹੀ ਕਾਰਨ ਸੀਵਰੇਜ਼ ਦੀ ਹੌਦੀ ਬਣਾਉਣ ਲਈ ਪੁੱਟੇ ਟੋਏ 'ਚ ਖੜ੍ਹੇ ਗੰਦੇ ਪਾਣੀ 'ਚ ਖੇਡਦੇ ਸਮੇਂ ਡੁੱਬ ਜਾਣ ਨਾਲ ਇਕ 2 ਸਾਲਾ ਮਾਸੂਮ ਬੱਚੇ ਦੀ ਮੌਤ ਹੋ ਗਈ। ਮ੍ਰਿਤਕ ਬੱਚੇ ਦੀ ਪਹਿਚਾਣ ਇਸ਼ਾਨ ਵਜੋਂ ਹੋਈ ਹੈ ਜਿਸ ਦੇ ਪੀੜਤ ਪਿਤਾ ਪ੍ਰਸ਼ੰਨਜੀਤ ਅਤੇ ਮਾਤਾ ਦੀਪਿਕਾ ਨੇ ਦੱਸਿਆ ਕਿ ਉਹ ਲੋਕਾਂ ਦੇ ਘਰਾਂ 'ਚ ਕੰਮ ਕਰਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਆ ਰਹੇ ਹਨ ਤੇ ਅੱਜ ਉਹ ਦੋਵੇਂ ਰੋਜ਼ਾਨਾ ਦੀ ਤਰ੍ਹਾਂ ਕੰਮ 'ਤੇ ਗਏ ਹੋਏ ਸਨ ਤੇ ਮਗਰੋਂ ਆਪਣੇ ਸਾਢੇ ਚਾਰ ਸਾਲਾ ਵੱਡੇ ਬੇਟੇ ਸੰਜੇ ਤੇ ਦੋ ਸਾਲਾਂ ਦੇ ਕਰੀਬ ਛੋਟੇ ਬੇਟੇ ਇਸ਼ਾਨ ਨੂੰ ਘਰ ਛੱਡ ਗਏ ਜੋ ਹੋਰਨਾਂ ਬੱਚਿਆਂ ਨਾਲ ਖੇਡਦੇ ਹੋਏ ਆਪਣੀ ਮਾਸੀ ਜਯੋਤੀ ਪਤਨੀ ਸਿਕੰਦਰ ਦੇ ਘਰ ਨੇੜੇ ਚਲੇ ਗਏ ਜਿਥੇ ਠੇਕੇਦਾਰ ਦੁਆਰਾ ਪਿਛਲੇ ਤਿੰਨ ਮਹੀਨਿਆਂ ਤੋਂ ਵਧੇਰੇ ਸਮੇਂ ਤੋਂ ਸੀਵਰੇਜ਼ ਦੀ ਹੌਦੀ ਬਨਾਉਣ ਲਈ 10 ਫੁੱਟ ਡੂੰਘਾ ਟੋਇਆ ਪੁੱਟਿਆ ਹੋਇਆ ਸੀ ਜਿਸ 'ਚ ਖੜ੍ਹੇ ਗੰਦਾ ਪਾਣੀ 'ਚ ਖੇਡਦੇ ਸਮੇਂ ਉਕਤ ਬੱਚਾ ਡਿੱਗ ਜਾਣ ਨਾਲ ਡੁੱਬ ਗਿਆ, ਜਦ ਪਰਿਵਾਰਕ ਮੈਂਬਰ ਨੇ 12 ਵਜੇ ਦੇ ਕਰੀਬ ਪਹੁੰਚੇ ਬੱਚੇ ਦੇ ਘਰ ਮੌਜੂਦ ਨਾ ਹੋਣ ਕਾਰਨ ਭਾਲ ਸ਼ੁਰੂ ਕਰ ਦਿੱਤੀ ਤੇ ਜਦ ਪਿਤਾ ਵਲੋਂ ਸ਼ੱਕ ਦੇ ਅਧਾਰ 'ਤੇ ਪਾਣੀ 'ਚ ਵਾਂਸ ਮਾਰਿਆ ਤਾਂ ਬੱਚੇ ਦੀ ਲਾਸ਼ ਪਾਣੀ ਉੱਪਰ ਆ ਜਾਣ ਨਾਲ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿਥੇ ਡਾਟਕਰਾਂ ਨੇ ਬੱਚੇ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਹਾਦਸੇ ਦੀ ਜਾਣਕਾਰੀ ਮਿਲਣ 'ਤੇ ਪੁੱਜੇ ਥਾਣਾ ਸਦਰ ਦੇ ਮੁਖੀ ਗੁਰਬਿੰਦਰ ਸਿੰਘ ਨੇ ਆਖਿਆ ਕਿ ਹਾਦਸੇ ਦੀ ਜਾਣਕਾਰੀ ਹਾਸਲ ਕੀਤੀ ਗਈ ਹੈ ਤੇ ਪਰਿਵਾਰ ਵਲੋਂ ਜੋ ਕਾਰਵਾਈ ਲਈ ਲਿਖਤੀ ਸ਼ਿਕਾਇਤ ਕੀਤੀ ਜਾਵੇਗੀ ਉਸ ਅਧਾਰ ਤੇ ਕਾਰਵਾਈ ਹੋਵੇਗੀ।

# ਪਾਕਿ 'ਚ ਨਾਬਾਲਗ ਹਿੰਦੂ ਲੜਕੀ ਦਾ ਧਰਮ ਪਰਿਵਰਤਨ

ਅੰਮ੍ਰਿਤਸਰ, 3 ਜਨਵਰੀ (ਸੁਰਿੰਦਰ ਕੋਛੜ)-ਪਾਕਿਸਤਾਨ ਦੇ ਸੂਬਾ ਸਿੰਧ ਦੇ ਸ਼ਹਿਰ ਬਦੀਨ ਦੀ ਤਹਿਸੀਲ ਗੋਲਾਰਚੀ 'ਚ 15 ਸਾਲਾਂ ਹਿੰਦੂ ਲੜਕੀ ਰਜਨੀ (ਬਦਲਿਆ ਨਾਂਅ) ਨੂੰ ਅਗਵਾ ਕਰਨ ਵਾਲੇ 41 ਸਾਲਾਂ ਅਮਾਨਉੱਲਾ ਨੇ ਉਸ ਨਾਲ ਇਲਾਕੇ ਦੇ ਮੌਲਵੀ ਦੀ ਹਾਜ਼ਰੀ 'ਚ ਨਿਕਾਹ ਕਰ ਲਿਆ। ਇਹ ਵੀ ਜਾਣਕਾਰੀ ਮਿਲੀ ਹੈ ਕਿ ਉਕਤ ਹਿੰਦੂ ਨਾਬਾਲਗ ਦੇ ਫ਼ਰਜ਼ੀ ਦਸਤਾਵੇਜ਼ ਤਿਆਰ ਕਰਕੇ ਉਸ ਦਾ ਧਰਮ ਪਰਿਵਰਤਨ ਕਰਵਾਇਆ ਗਿਆ ਹੈ ਅਤੇ ਇਸਲਾਮ ਕਬੂਲ ਕਰਵਾਏ ਜਾਣ ਤੋਂ ਬਾਅਦ ਉਸ ਦਾ ਨਾਂਅ ਫ਼ਾਤਿਮਾ ਸ਼ੇਖ਼ ਰੱਖ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪੀੜਤ ਲੜਕੀ ਦੇ ਮਾਪਿਆਂ ਵਲੋਂ ਪੁਲਿਸ ਨੂੰ ਅਗਵਾ ਦਾ ਮਾਮਲਾ ਦਰਜ ਕਰਨ ਦੀ ਅਪੀਲ 'ਤੇ ਪੁਲਿਸ ਨੇ ਉਨ੍ਹਾਂ ਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ ਉਨ੍ਹਾਂ ਦੀ ਲੜਕੀ ਕੁਝ ਦਿਨਾਂ ਤੱਕ ਖ਼ੁਦ ਹੀ ਘਰ ਪਰਤ ਆਵੇਗੀ।



ਰਜਨੀ ਬਨਾਮ ਫ਼ਾਤਿਮਾ ਸ਼ੇਖ਼ ਅਤੇ ਅਮਾਨਉੱਲਾ। ਤਸਵੀਰ : ਸੁਰਿੰਦਰ ਕੋਛੜ ਰਾਹੀਂ

# ਸਤਪਾਲ ਬਣੇ ਨਵੇਂ ਖੇਤਰੀ ਪਾਸਪੋਰਟ ਅਫਸਰ

**ਕਿਹਾ: ਪਾਸਪੋਰਟ ਸੰਬੰਧੀ ਲੋਕਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਹੋਣਗੇ**



ਜਲੰਧਰ, 3 ਜਨਵਰੀ (ਸ਼ਿਵ)-ਸ੍ਰੀ ਸਤਪਾਲ ਨੇ ਅੱਜ ਖੇਤਰੀ ਪਾਸਪੋਰਟ ਅਫ਼ਸਰ ਵਜੋਂ ਆਪਣਾ ਕਾਰਜ ਭਾਰ ਸੰਭਾਲ ਲਿਆ। ਸ੍ਰੀ ਸਤਪਾਲ ਨੇ ਰਾਜ ਕੁਮਾਰ ਬਾਲੀ ਦੀ ਜਗ੍ਹਾ 'ਤੇ ਅਹੁਦਾ ਸੰਭਾਲਿਆ ਹੈ ਜਿਹੜੇ ਕਿ 31 ਦਸੰਬਰ ਨੂੰ ਸੇਵਾ ਮੁਕਤ ਹੋ ਗਏ ਸਨ। ਸ੍ਰੀ ਸਤਪਾਲ ਇਸ ਤੋਂ ਪਹਿਲਾਂ ਸਹਾਇਕ ਪਾਸਪੋਰਟ ਅਫ਼ਸਰ ਵਜੋਂ ਵੀ ਕੰਮ ਕਰਦੇ ਰਹੇ ਹਨ। ਅਹੁਦਾ ਸੰਭਾਲਣ ਤੋਂ ਬਾਅਦ ਸ੍ਰੀ ਸਤਪਾਲ ਨੇ ਕਿਹਾ ਕਿ ਲੋਕਾਂ ਦੇ ਪਾਸਪੋਰਟਾਂ ਸੰਬੰਧੀ ਮਸਲਿਆਂ ਨੂੰ ਉਹ ਪਹਿਲ ਦੇ ਤੌਰ 'ਤੇ ਹੱਲ ਕਰਵਾਉਣਗੇ। ਸ੍ਰੀ ਸਤਪਾਲ ਨੇ ਦੱਸਿਆ ਕਿ ਖੇਤਰੀ ਪਾਸਪੋਰਟ ਦਫ਼ਤਰ 'ਚ ਜਲੰਧਰ ਤੋਂ ਇਲਾਵਾ ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਕਪੂਰਥਲਾ, ਪਠਾਨਕੋਟ, ਮੋਗਾ, ਗੁਰਦਾਸਪੁਰ, ਬਟਾਲਾ ਤੋਂ ਲੋਕ ਪਾਸਪੋਰਟ ਬਣਵਾਉਣ ਲਈ ਅਰਜ਼ੀਆਂ ਦਿੰਦੇ ਹਨ। ਲੋਕਾਂ ਦੇ ਪਾਸਪੋਰਟ ਸਬੰਧੀ ਮਸਲਿਆਂ ਨੂੰ ਹੱਲ ਕਰਵਾਉਣ ਲਈ ਉਨ੍ਹਾਂ ਨੇ ਪਹਿਲਾਂ ਹੀ ਸਟਾਫ਼ ਨੂੰ ਹਦਾਇਤਾਂ ਦਿੱਤੀਆਂ ਹੋਈਆਂ ਹਨ। ਲੋਕਾਂ ਨੂੰ ਜੇਕਰ ਕੋਈ ਪ੍ਰੇਸ਼ਾਨੀ ਆਉਂਦੀ ਹੈ ਤਾਂ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਕਰਤਾਰਪੁਰ ਸਾਹਿਬ ਪ੍ਰਾਜੈਕਟ 'ਚ ਇਕ ਅਰਬ 65 ਕਰੋੜ ਦੇ ਘਪਲੇ ਦੇ ਮਾਮਲੇ 'ਚ ਨਵੇਂ ਖ਼ੁਲਾਸੇ

**ਐਫ. ਡਬਲਿਊ. ਓ. ਨੇ ਪ੍ਰੋਜੈਕਟ ਨੂੰ ਆਡਿਟ ਤੋਂ ਛੋਟ ਦੇਣ ਦੀ ਕੀਤੀ ਸੀ ਅਪੀਲ**

**ਕਰਤਾਰਪੁਰ ਪ੍ਰਾਜੈਕਟ ਨੂੰ ਪੂਰਾ ਕਰਨ ਵੇਲੇ ਕਿੰਨੇ ਕਾਨੂੰਨ ਤੋੜੇ ਗਏ-ਨੂਰ ਆਲਮ**

ਅੰਮ੍ਰਿਤਸਰ, 3 ਜਨਵਰੀ (ਸੁਰਿੰਦਰ ਕੋਛੜ)-ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਦੀ ਡਿਪਟੀ ਕਮਿਸ਼ਨਰ ਬੀਬੀ ਨਬੀਲਾ ਇਰਫ਼ਾਨ ਵਲੋਂ ਗੁਰਦੁਆਰਾ ਕਰਤਾਰਪੁਰ ਪ੍ਰਾਜੈਕਟ 'ਚ ਇਕ ਅਰਬ 65 ਕਰੋੜ ਰੁਪਏ ਖ਼ੁਰਦ-ਬੁਰਦ ਕੀਤੇ ਜਾਣ ਦਾ ਮਾਮਲਾ ਜਨਤਕ ਕਰਨ ਤੋਂ ਬਾਅਦ ਇਸ 'ਚ ਹੋਰ ਨਵੇਂ ਖ਼ੁਲਾਸੇ ਸਾਹਮਣੇ ਆਏ ਹਨ। ਜਾਣਕਾਰੀ ਅਨੁਸਾਰ ਪਾਕਿ ਦੇ ਫ਼ੌਜੀ ਸੰਗਠਨ ਫ਼ਰੰਟੀਅਰ ਵਰਕਸ ਆਰਗੇਨਾਈਜ਼ੇਸ਼ਨ (ਐਫ. ਡਬਲਿਊ. ਓ.) ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਕਮਲ ਅਜ਼ਫਰ ਨੇ ਆਡਿਟ ਦੀ ਉਕਤ ਕਾਰਵਾਈ ਨੂੰ ਰੋਕਣ ਲਈ ਲੋਕ ਲੇਖਾ ਕਮੇਟੀ (ਪੀ. ਏ. ਸੀ.) ਨੂੰ ਸਿਫ਼ਾਰਸ਼ ਕੀਤੀ ਸੀ ਕਿ ਕਰਤਾਰਪੁਰ ਕੋਰੀਡੋਰ ਪ੍ਰਾਜੈਕਟ ਨੂੰ ਆਡਿਟ ਤੋਂ ਛੋਟ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਪਾਕਿ ਸਰਕਾਰ ਦੁਆਰਾ ਫ਼ੰਡਾਂ ਦੀ ਵੰਡ 'ਚ ਦੇਰੀ ਕਾਰਨ ਕਰਤਾਰਪੁਰ ਪ੍ਰਾਜੈਕਟ ਨੂੰ ਪੂਰਾ ਕਰਨ ਲਈ ਪੈਸਾ ਉਧਾਰ ਲਿਆ ਗਿਆ ਸੀ। ਹਾਲਾਂਕਿ, ਪੀ. ਏ. ਸੀ. ਦੇ ਚੇਅਰਮੈਨ ਰਾਣਾ ਤਨਵੀਰ ਹੁਸੈਨ ਨੇ ਉਕਤ ਆਧਾਰ 'ਤੇ ਸਿਫ਼ਾਰਿਸ਼ ਕੀਤੀਆਂ ਤਬਦੀਲੀਆਂ 'ਤੇ ਇਤਰਾਜ਼ ਪ੍ਰਗਟ ਕੀਤਾ ਹੈ। ਇਸ ਦੌਰਾਨ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਐਮ. ਐਨ. ਏ. ਨੂਰ ਆਲਮ ਖ਼ਾਨ ਨੇ ਪ੍ਰਾਜੈਕਟ ਦੇ ਮੁਕੰਮਲ ਹੋਣ ਬਾਰੇ ਕੁੱਝ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਕਰਤਾਰਪੁਰ ਪ੍ਰੋਜੈਕਟ ਨੂੰ ਪੂਰਾ ਕਰਨ ਵੇਲੇ ਕਿੰਨੇ ਕਾਨੂੰਨ ਤੋੜੇ ਗਏ ਸਨ। ਵਿਰੋਧੀ ਧਿਰ ਪੀ. ਐਮ. ਐਲ.-ਐਨ. ਦੇ ਖ਼ਵਾਜਾ ਆਸਿਫ਼ ਨੇ ਐਮ 1 ਅਤੇ ਐਮ 2 ਮੋਟਰਵੇਅ 'ਤੇ ਕੰਮ ਦੀ ਗੁਣਵੱਤਾ 'ਤੇ ਸਵਾਲ ਕਰਦਿਆਂ ਕਿਹਾ ਕਿ ਕਰਤਾਰਪੁਰ ਪ੍ਰਾਜੈਕਟ ਅਧੀਨ ਸਿਆਲਕੋਟ-ਲਾਹੌਰ ਮੋਟਰਵੇਅ (ਐਮ-11) ਅਤੇ ਗੁਰਦੁਆਰਾ ਸਾਹਿਬ ਨੂੰ ਜਾਂਦੀ ਸੜਕ ਸਭ ਤੋਂ ਹੇਠਲੇ ਪੱਧਰ ਦੀਆਂ ਬਣਾਈਆਂ ਗਈਆਂ ਹਨ। ਇਸ ਸਭ ਬਾਰੇ ਦਫ਼ਤਰ ਡਿਪਟੀ ਕਮਿਸ਼ਨਰ ਨਾਰੋਵਾਲ ਵਲੋਂ ਐਫ. ਡਬਲਿਊ. ਓ. ਦੇ ਡੀ. ਜੀ. ਨੂੰ ਸ਼ਾਹਮੁਖੀ (ਉਰਦੂ) 'ਚ ਲਿਖੇ ਗਏ ਉਕਤ ਪੱਤਰ 'ਚ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਉਸਾਰੀ ਦੇ ਕੰਮ 'ਚ ਭਾਰੀ ਮਿਲਾਵਟ ਕੀਤੇ ਜਾਣ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਹਲਕੀ ਜਿਹੀ ਹਨੇਰੀ ਆਉਣ 'ਤੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਗੁੰਬਦ ਡਿਗ ਗਏ ਸਨ, ਨੀਂਹਾਂ ਦੀ ਡੂੰਘਾਈ 18 ਫੁੱਟ ਦੀ ਥਾਂ 11.5 ਫੁੱਟ ਹੈ, 7 ਲੱਖ ਸੀਮੈਂਟ ਦੀਆਂ ਬੋਰੀਆਂ ਦੇ ਪੈਸੇ ਲੈ ਕੇ ਸੀਮੈਂਟ ਦੀਆਂ 4 ਲੱਖ 29 ਹਜ਼ਾਰ ਬੋਰੀਆਂ ਦੀ ਵਰਤੋਂ ਕੀਤੀ ਗਈ ਅਤੇ ਵਧੀਆ ਕੁਆਲਿਟੀ ਦੀਆਂ ਇੱਟਾਂ ਦਾ ਬਿੱਲ ਦੇ ਕੇ ਵੱਧ ਪੈਸੇ ਵਸੂਲਣ ਲਈ ਸ਼ਕਰਗੜ੍ਹ ਦੇ ਚੌਧਰੀ ਮੁਖਤਾਰ ਦੇ ਭੱਠੇ ਦੀਆਂ ਹਲਕੇ ਪੱਧਰ ਦੀਆਂ ਇੱਟਾਂ ਵਰਤੀਆਂ ਗਈਆਂ। ਉਨ੍ਹਾਂ ਦੋਸ਼ ਲਗਾਇਆ ਕਿ ਗੁਰਦੁਆਰਾ ਸਾਹਿਬ 'ਚ ਸੰਗਮਰਮਰ ਦੀਆਂ ਟਾਈਲਾਂ ਰੋਜ਼ਾਨਾ ਟੁੱਟ ਰਹੀਆਂ ਹਨ ਅਤੇ ਪਾਰਕਿੰਗ ਵਾਲੀ ਸੜਕ ਛੱਲੀਆਂ ਦੇ ਦਾਣਿਆਂ ਵਾਂਗ ਖਿੱਲਰਦੀ ਜਾ ਰਹੀ ਹੈ।


ਆਪਣੇ ਕਾਰੋਬਾਰੀ ਸੁਪਨਿਆਂ ਨੂੰ ਦਿਓ ਆਕਾਰ
ADA
ਗਲਾਡਾ
ਘੋਸ਼ਣਾ ਕਰਦਾ ਹੈ
ਲੁਧਿਆਣਾ ਅਤੇ ਮੋਗਾ
ਵਿਖੇ
ਵਪਾਰਕ ਅਤੇ
ਹੋਟਲ-ਕਮ-ਮਲਟੀਪਲੈਕਸ ਸਾਈਟਾਂ
ਦੀ
ਈ-ਨਿਲਾਮੀ
ਨਿਲਾਮੀ ਸ਼ੁਰੂ ਹੋਵੇਗੀ
14.01.2022
ਸਵੇਰੇ 09:00 ਵਜੇ
ਨਿਲਾਮੀ ਸਮਾਪਤ ਹੋਵੇਗੀ
24.01.2022
ਦੁਪਹਿਰ 01:00 ਵਜੇ
ਕਬਜ਼ਾ 25% ਭੁਗਤਾਨ 'ਤੇ
ਬਕਾਇਆ ਭੁਗਤਾਨ 9.5% ਸਾਲਾਨਾ ਵਿਆਜ਼ ਦਰ 'ਤੇ ਆਸਾਨ ਕਿਸ਼ਤਾਂ ਵਿੱਚ

74
ਵਪਾਰਕ ਸਾਈਟਾਂ
ਐਸ.ਸੀ.ਓ: 24, ਐਸ.ਸੀ.ਐਫ: 22, ਬੂਥ: 16 ਅਤੇ ਦੁਕਾਨਾਂ: 12
₹ 15.11 ਲੱਖ ਤੋਂ ਸ਼ੁਰੂ

01
ਹੋਟਲ-ਕਮ-ਮਲਟੀਪਲੈਕਸ ਸਾਈਟ
₹ 44.78 ਕਰੋੜ
ਗਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ
ਗਲਾਡਾ ਕੰਪਲੈਕਸ, ਰਾਜਗੁਰੂ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ
ਵਧੇਰੇ ਜਾਣਕਾਰੀ ਲਈ www.puda.e-auctions.in 'ਤੇ ਪਧਾਰੋ


CMYK